**ਅਕਾਦਮਿਕ ਸਾਲ 2024-2025**

**ਵਿਸ਼ਾ- ਲੋਕ ਪ੍ਰਸ਼ਾਸਨ**

**ਸ਼੍ਰੇਣੀ- ਬਾਰ੍ਹਵੀਂ**

**ਮਾਡਲ ਪੇਪਰ**

**(ਵਿਲੱਖਣ ਸਮਰਥਾ ਵਾਲੇ ਪਰੀਖਿਆਰਥੀਆਂ ਲਈ)**

**ਸਮਾਂ : 3 ਘੰਟੇ** **ਕੁਲ ਅੰਕ: 80**

**ਨੋਟ:- ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ ਜਿਹ੍ਹਾਂ ਵਿੱਚ ਕੁੱਲ 6 ਪ੍ਰਸ਼ਨ ਹਨ। ਪ੍ਰਸ਼ਨਾਂ ਦੇ ਉਪ-ਭਾਗਾਂ ਨੂੰ ਹੱਲ ਕਰਨ ਸਬੰਧੀ ਹਦਾਇਤਾਂ ਹਰ ਭਾਗ ਦੇ ਅਰੰਭ ਵਿੱਚ ਦਿੱਤੀਆਂ ਗਈਆਂ ਹਨ। ਹਦਾਇਤਾਂ ਅਨੁਸਾਰ ਹੀ ਪ੍ਰਸ਼ਨ ਪੱਤਰ ਹੱਲ ਕਰੋ।**

**ਭਾਗ- ੳ**

**ਪ੍ਰਸ਼ਨ-1: ਸਾਰੇ ਵੀਹ ਉਪ ਭਾਗ ਲਾਜ਼ਮੀ ਹਨ। ਉੱਤਰ ਇਕ ਸ਼ਬਦ ਤੋਂ ਇੱਕ ਵਾਕ ਵਿੱਚ ਦਿਓ। 2× 10=20**

I. ਭਰਤੀ ਦਾ ਅਰਥ ਲਿਖੋ।

II. ਆਲ ਇੰਡੀਆ ਅਤੇ ਕੇਂਦਰੀ ਸੇਵਾਵਾਂ ਵਿੱਚ ਉਮੀਦਵਾਰਾਂ ਦੀ ਭਰਤੀ ਲਈ ਕਿਹੜੀ ਏਜੰਸੀ ਜ਼ਿੰਮੇਵਾਰ ਹੈ?

(ੳ) UPSC (ਅ) SPSC

(ੲ) HPSC (ਸ) PPSC

III. ਆਮ ਸ਼੍ਰੇਣੀ ਦੇ ਉਮੀਦਵਾਰਾਂ ਲਈ ਅਈ ਏ ਐਸ (IAS) ਦੀ ਪ੍ਰੀਖਿਆ ਲਈ ਕਿੰਨੇ ਮੌਕੇ ਦਿੱਤੇ ਜਾਂਦੇ ਹਨ?

(ੳ) 4 (ਅ) 6

(ੲ) 8 (ਸ) 9

IV. ਕੀ ਮਹਿਲਾ ਉਮੀਦਵਾਰਾਂ ਲਈ UPSC ਵਿੱਚ ਪ੍ਰੀਖਿਆਵਾਂ ਲਈ ਉਮਰ ਵਿੱਚ ਕੋਈ ਛੋਟ ਹੈ?

(ੳ) ਹਾਂ (ਅ) ਨਹੀਂ

(ੲ) ਪਤਾ ਨਹੀਂ (ਸ) ਪਹਿਲਾਂ ਸੀ, ਹੁਣ ਨਹੀਂ

V. ਹੁਨਰ ਸਿਖਲਾਈ ਕੀ ਹੈ?

VI. ਲਾਲ ਬਹਾਦੁਰ ਸ਼ਾਸਤਰੀ ਨੈਸ਼ਨਲ ਅਕੈਡਮੀ ਆਫ ਐਡਮਿਨਿਸਟ੍ਰੇਸ਼ਨ ਕਿੱਥੇ ਸਥਾਪਿਤ ਹੈ?

VII. ਪਰਸਨੈਲਿਟੀ ਇਨਵੈਂਟਰੀ ਸਿਸਟਮ ਪਹਿਲੀ ਵਾਰ ਸੰਨ ________ਵਿੱਚ ਪੇਸ਼ ਕੀਤਾ ਗਿਆ ਸੀ।

(ੳ) 1927 (ਅ) 1930

(ੲ) 1945 (ਸ) 1950

VIII. ਕਿਸ ਦੇਸ਼ ਨੇ ਪਹਿਲੀ ਵਾਰ ਗ੍ਰਾਫਿਕ ਰੇਟਿੰਗ ਸਿਸਟਮ ਦੀ ਵਰਤੋਂ ਕੀਤੀ ਸੀ?

(ੳ) ਭਾਰਤ (ਅ) USA

(ੲ) UK (ਸ) ਬਰਾਜ਼ੀਲ

IX. ਪਬਲਿਕ ਇੰਪਲਾਈਜ਼ ਐਸੋਸੀਏਸ਼ਨਾਂ ਦੇ ਕੋਈ ਦੋ ਉਦੇਸ਼ ਲਿਖੋ।

X. ਸਿੰਗਲ ਬਜਟ ਨੂੰ ਪਰਿਭਾਸ਼ਤ ਕਰੋ।

## ਭਾਗ- ਅ

**ਪ੍ਰਸ਼ਨ-2. ਹੇਠ ਲਿਖਿਆਂ ਵਿਚੋਂ ਕੋਈ 6 ਪ੍ਰਸ਼ਨ ਕਰੋ। ਉੱਤਰ 20 ਤੋਂ 30 ਸ਼ਬਦਾਂ ਵਿੱਚ ਦਿਓ। 4×6 =24**

I. ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦਾ ਕੰਮ ਲਿਖੋ।

II. ਲੋਕ ਲੇਖਾ ਕਮੇਟੀ ਦੀ ਚਰਚਾ ਬਾਰੇ ਚਰਚਾ ਕਰੋ।

III. ਲੇਖਾਕਾਰੀ ਦੇ ਸਿਧਾਂਤ ਲਿਖੋ।

IV. ਵਿਗਿਆਨਕ ਪ੍ਰਬੰਧਨ ਸਿਧਾਂਤ ਦੇ ਸਿਧਾਤਾਂ ਦੀ ਚਰਚਾ ਕਰੋ।

V. ਕੇਂਦਰੀਕਰਨ ਦੇ ਗੁਣ ਲਿਖੋ।

VI. ਲੀਡਰਸ਼ਿਪ ਦੀਆਂ ਕਿਸਮਾਂ ਦਾ ਵਿਸਥਾਰ ਕਰੋ।

VII. O & M ਦੇ ਕਾਰਜ ਲਿਖੋ।

VIII. ਪ੍ਰਸ਼ਾਸਨਿਕ ਕਾਨੂੰਨ ਦੀਆਂ ਵਿਸ਼ੇਸ਼ਤਾਵਾਂ ਲਿਖੋ।

## ਭਾਗ- ੲ

**ਨੋਟ : ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਇੱਕ-ਇੱਕ ਹੱਲ ਕਰੋ। 8×3=24**

ਪ੍ਰਸ਼ਨ-3. ਆਲ ਇੰਡੀਆ ਸਰਵਿਸ ਤੋਂ ਕੀ ਭਾਵ ਹੈ ਅਤੇ ਇਸਦੀਆਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ । **(4+4=8)**

ਜਾਂ

ਬਜਟ ਤੋਂ ਕੀ ਭਾਵ ਹੈ ? ਭਾਰਤ ਵਿੱਚ ਬਜਟ ਬਣਾਉਣ ਦੇ ਮੁੱਖ ਸਿਧਾਂਤਾਂ ਦੀ ਚਰਚਾ ਕਰੋ । **(4+4=8)**

ਪ੍ਰਸ਼ਨ-4. ਕੰਪਟਰੋਲਰ ਅਤੇ ਆਡੀਟਰ ਜਨਰਲ ਅਹੁੱਦੇ ਦਾ ਸੰਵਿਧਾਨ ਵਿੱਚ ਜ਼ਿਕਰ ਕਿਸ ਅਨੁਛੇਦ ਅਧੀਨ ਹੈ ਅਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੇ ਕਾਰਜ ਲਿਖੋ। **(4+4=8)**

ਜਾਂ

ਫੀਲਡ ਦਫਤਰਾਂ ਤੋ ਕੀ ਭਾਵ ਹੈ ਅਤੇ ਇਹਨਾਂ ਉੱਤੇ ਹੈੱਡਕੁਆਰਟਰ ਦੁਆਰਾ ਨਿਯੰਤਰਣ ਦੇ ਸਾਧਨਾਂ ਦੀ ਚਰਚਾ ਕਰੋ। **(4+4=8)**

ਪ੍ਰਸ਼ਨ-5. ਸਹੀ ਫੈਸਲੇ ਲੈਣ ਲਈ ਚਾਰ ਜ਼ਰੂਰੀ ਕਾਰਕਾਂ ਦੀ ਚਰਚਾ ਕਰੋ। **(2+2+2+2=8)**

ਜਾਂ

ਡੈਲੀਗੇਟਡ ਵਿਧਾਨ ਤੋਂ ਕੀ ਭਾਵ ਹੈ ਅਤੇ ਇਸ ਦੇ ਵਾਧੇ ਦੇ ਕਾਰਨ ਲਿਖੋ। **(4+4=8)**

## ਭਾਗ - ਸ

**ਪ੍ਰਸ਼ਨ-6. ਹੇਠ ਦਿੱਤਾ ਪੈਰ੍ਹਾ ਪੜ੍ਹਕੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ।** **2×6=12**

ਭਾਰਤ ਦਾ ਪ੍ਰਧਾਨ ਮੰਤਰੀ ਪ੍ਰਮੁੱਖ ਅਹੁਦਾ ਰੱਖਦਾ ਹੈ ਅਤੇ ਅਸਲ ਵਿੱਚ ਉਹ ਰਾਸ਼ਟਰਪਤੀ ਨਾਲੋ ਵਧੇਰੇ ਸ਼ਕਤੀਸ਼ਾਲੀ ਹੈ। ਪ੍ਰਧਾਨ ਮੰਤਰੀ ਦਾ ਦਫ਼ਤਰ ਸਭ ਤੋਂ ਪਹਿਲਾਂ ਇੰਗਲੈਂਡ ਵਿੱਚ ਸ਼ੁਰੂ ਹੋਇਆ ਸੀ ਅਤੇ ਸੰਵਿਧਾਨ ਦੇ ਨਿਰਮਾਤਾਵਾਂ ਦੁਆਰਾ ਉਧਾਰ ਲਿਆ ਗਿਆ ਸੀ। ਸਾਡੇ ਸੰਵਿਧਾਨ ਦੀ ਧਾਰਾ 74 (1) ਵਿੱਚ ਸਪੱਸ਼ਟ ਹੈ ਕਿ ਪ੍ਰਧਾਨ ਮੰਤਰੀ ਹੀ ਮੰਤਰੀ-ਮੰਡਲ ਦੇ ਮੁਖੀ ਹੋਣਗੇ । ਇਸ ਲਈ ਪ੍ਰਧਾਨ ਮੰਤਰੀ ਤੋਂ ਬਿਨਾਂ ਬਾਕੀ ਕੋਈ ਮੰਤਰੀ ਕੰਮ ਨਹੀਂ ਕਰ ਸਕਦੇ। ਭਾਰਤ ਦੇ ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਰਾਸ਼ਟਰਪਤੀ ਸੰਸਦ ਵਿੱਚ ਬਹੁਗਿਣਤੀ ਪਾਰਟੀ ਦੇ ਨੇਤਾ ਨੂੰ ਪ੍ਰਧਾਨ ਮੰਤਰੀ ਬਣਨ ਅਤੇ ਮੰਤਰੀ-ਮੰਡਲ ਬਨਾਉਣ ਲਈ ਸੱਦਾ ਦਿੰਦਾ ਹੈ। ਭਾਰਤ ਦਾ ਰਾਸ਼ਟਰਪਤੀ ਰਾਜ ਦਾ ਮੁਖੀ ਹੁੰਦਾ ਹੈ ਜਦੋਂ ਕਿ ਪ੍ਰਧਾਨ ਮੰਤਰੀ ਸਰਕਾਰ ਦਾ ਮੁਖੀ ਹੁੰਦਾ ਹੈ। ਭਾਰਤ ਦੇ ਰਾਸ਼ਟਰਪਤੀ ਕੋਲ ਹਾਲਾਂਕਿ ਕਈ ਕਾਰਜਕਾਰੀ ਸ਼ਕਤੀਆਂ ਹਨ ਪਰ ਅਸਲ ਵਿੱਚ ਉਹ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ 'ਤੇ ਹੀ ਕੰਮ ਕਰਦੇ ਹਨ। ਕੇਂਦਰ ਸਰਕਾਰ ਦੀਆਂ ਸਾਰੀਆਂ ਪ੍ਰਮੁੱਖ ਨਿਯੁਕਤੀਆਂ ਅਸਲ ਵਿੱਚ ਪ੍ਰਧਾਨ-ਮੰਤਰੀ ਦੁਆਰਾ ਕੀਤੀਆਂ ਜਾਂਦੀਆਂ ਹਨ ਅਤੇ ਸਾਰੀਆਂ ਪ੍ਰਮੁੱਖ ਫੈਸਲਾ ਲੈਣ ਵਾਲੀਆਂ ਸੰਸਥਾਵਾਂ ਜਿਵੇਂ ਕਿ ਕੇਂਦਰੀ ਮੰਤਰੀ-ਮੰਡਲ, ਯੋਜਨਾ ਕਮਿਸ਼ਨ, ਕੈਬਨਿਟ ਕਮੇਟੀ ਦੇ ਕੰਮ ਉਸ ਦੀ ਨਿਗਰਾਨੀ ਅਤੇ ਨਿਰਦੇਸ਼ਾਂ ਹੇਠ ਹੁੰਦੇ ਹਨ। ਪ੍ਰਧਾਨ ਮੰਤਰੀ ਮੰਤਰੀ-ਮੰਡਲ ਦਾ ਨੇਤਾ ਹੁੰਦਾ ਹੈ। ਅੰਤਰਰਾਸ਼ਟਰੀ ਸਬੰਧਾਂ ਵਿੱਚ ਪ੍ਰਧਾਨ ਮੰਤਰੀ ਨੂੰ ਦੇਸ਼ ਦਾ ਮੁੱਖ ਬੁਲਾਰਾ ਮੰਨਿਆ ਜਾਂਦਾ ਹੈ। ਉਸਦੇ ਬਿਆਨ ਹੰਦੇ ਹਨ, ਬਾਹਰੀ ਦੁਨੀਆਂ ਲਈ ਕੌਮ ਦੀਆਂ ਨੀਤੀਆਂ ਦੇ ਬਿਆਨ। ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਇਹ ਉਹ ਹੈ ਜੋ ਦੇਸ਼ ਲਈ ਬੋਲਦਾ ਹੈ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਪ੍ਰਧਾਨ ਮੰਤਰੀ ਰਾਸ਼ਟਰ ਦੀ ਵਿਦੇਸ਼ ਨੀਤੀ ਨੂੰ ਰੂਪ ਦਿੰਦੇ ਹਨ।

1. ਭਾਰਤ ਵਿੱਚ ਕੇਂਦਰੀ ਮੰਤਰੀ ਮੰਡਲ ਦੀ ਨਿਯੁਕਤੀ ਕੌਣ ਕਰਦਾ ਹੈ?
2. ਭਾਰਤੀ ਸੰਵਿਧਾਨ ਦੀ ਧਾਰਾ 74 ਕੀ ਹੈ?
3. ਭਾਰਤ ਦੇ ਪ੍ਰਧਾਨ ਮੰਤਰੀ ਦੇਸ਼ ਦਾ ਪ੍ਰਮੁੱਖ ਬੁਲਾਰਾ ਕਿਵੇਂ ਹੈ ?
4. ਰਾਜ ਦੇ ਮੁਖੀ ਅਤੇ ਸਰਕਾਰ ਦੇ ਮੁਖੀ ਇਸ ਵੇਲ਼ੇ ਕੌਣ-ਕੌਣ ਹਨ?
5. ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਕੌਣ-ਕੌਣ ਸਨ ?
6. ਪ੍ਰਧਾਨ ਮੰਤਰੀ ਦਾ ਦਫ਼ਤਰ ਸਭ ਤੋਂ ਪਹਿਲਾਂ ___________ ਵਿੱਚ ਸ਼ੁਰੂ ਹੋਇਆ ਤੇ ਭਾਰਤ ਵਿੱਚ ਸੰਨ ___________ ਵਿੱਚ ਸ਼ੁਰੂ ਹੋਇਆ।